ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਬੁੱਧਵਾਰ, ਮਿਤੀ 18 ਮਾਰਚ, 2015 ਨੂੰ ਸਵੇਰੇ 11.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਪ੍ਰਿੰਸੀਪਲ ਸਕੱਤਰ,
   ਉਚੇਰੀ ਸਿੱਖਿਆ ਵਿਭਾਗ
   (ਸ਼੍ਰੀ ਚੰਦਰ ਗੈਂਦ, ਵਿਸ਼ੇਸ਼ ਸਕੱਤਰ, nominee)
3. ਡਾ. ਪਰਮਜੀਤ ਸਿੰਘ,
   ਡੀਨ, ਅਕਾਦਮਿਕ ਮਾਮਲੇ
4. ਡਾ. ਐਚ.ਐਸ. ਭਾਟੀਆ,
   ਡੀਨ, ਲੈਂਗੂਏਜ਼ਿਜ਼ ਫੈਕਲਟੀ।
5. ਡਾ. ਏ.ਜੇ.ਐਸ. ਭੰਵਰ,
   ਡੀਨ, ਲਾਈਫ ਸਾਇੰਸਜ਼ ਫੈਕਲਟੀ।
6. ਡਾ. ਸੁਖਦੇਵ ਸਿੰਘ,
   ਡੀਨ, ਐਗਰੀਕਲਚਰ ਤੇ ਫੋਰੈਸਟਰੀ ਫੈਕਲਟੀ।
7. ਡਾ. ਕਮਲੇਸ਼ ਸਿੰਘ ਦੁੱਗਲ,
   ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਭਾਗ।
8. ਡਾ. ਅੰਮ੍ਰਿਤਪਾਲ ਕੌਰ,
   ਪ੍ਰੋਫੈਸਰ ਅਤੇ ਮੁਖੀ, ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ ਵਿਭਾਗ।
9. ਸ਼੍ਰੀਮਤੀ ਭੁਪਿੰਦਰ ਕੌਰ,
   ਪ੍ਰਿੰਸੀਪਲ, ਸਰਕਾਰੀ ਕਾਲਜ, ਗੁਰਦਾਸਪੁਰ।
10. ਡਾ. (ਮਿਸਿਜ਼) ਰੁਪਿੰਦਰਜੀਤ ਕੌਰ ਗਰੇਵਾਲ,
    ਪ੍ਰਿੰਸੀਪਲ, ਜੀ.ਐਨ.ਬੀ.ਐਲ. ਰਾਮਗੜ੍ਹੀਆ ਕਾਲਜ ਫਾਰ ਵੂਮੈਨ, ਫਗਵਾੜਾ।
11. ਡਾ. ਚਰਨਜੀਤ ਸਿੰਘ ਬੱਲ, ਅੰਮ੍ਰਿਤਸਰ।
12. ਡਾ. ਡੀ.ਐਨ. ਜੌਹਰ, ਚੰਡੀਗੜ੍ਹ।
13. ਸ. ਜਗਦੀਸ਼ ਸਿੰਘ, ਅੰਮ੍ਰਿਤਸਰ।
14. ਡਾ. ਸ਼ਰਨਜੀਤ ਸਿੰਘ ਢਿੱਲੋਂ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਸ਼੍ਰੀ ਆਸਾ ਰਾਮ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਉੱਤੇ ਸ਼੍ਰੀਮਤੀ ਭੁਪਿੰਦਰ ਕੌਰ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ।

ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ ਮੈਂਬਰ ਸਾਹਿਬਾਨ ਨੂੰ ਸਰਕੂਲੇਟ ਕੀਤੀ ਗਈ ਸਿੰਡੀਕੇਟ ਦੀ ਇੱਕਤਰਤਾ ਮਿਤੀ 26.12.2014 ਦੀ ਕਾਰਵਾਈ ਦੀ ਪ੍ਰਿੰਟਿੰਗ ਵਿਚ ਪੈਰਾ ਨੰ: 68(ਅ) ਦੀ ਪਹਿਲੀ ਲਾਈਨ ਵਿਚ ਸ਼ਬਦ 'ਵਿਚਾਰ ਉਪਰੰਤ ਪਾਸ ਹੋਇਆ ਕਿ' ਵਾਧੂ ਪ੍ਰਿੰਟ ਹੋਇਆ ਹੈ, ਜੋ delete ਸਮਝਿਆ ਜਾਵੇ ਅਤੇ ਤੀਜੀ ਲਾਈਨ ਵਿਚ ਸ਼ਬਦ 'ਉਨ੍ਹਾਂ ਨੇ' ਤੋਂ ਬਾਅਦ 'ਸ਼੍ਰੀ ਅੰਮ੍ਰਿਤਪਾਲ' ਪ੍ਰਿੰਟ ਹੋਣ ਤੋਂ ਰਹਿ ਗਿਆ ਹੈ, ਸ਼ਾਮਲ ਸਮਝਿਆ ਜਾਵੇ।

ਸਿੰਡੀਕੇਟ ਨੇ ਉਕਤ ਅਨੁਸਾਰ ਜਾਣਕਾਰੀ ਨੋਟ ਕੀਤੀ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 26.12.2014 ਦੀ ਕਾਰਵਾਈ ਦੀ ਸੋਧ ਸਹਿਤ ਪੁਸ਼ਟੀ ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 26.12.2014 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 1, 22 ਅਤੇ 33 ਵਿਚ ਹੇਠ ਲਿਖੀ ਸੋਧ ਸਹਿਤ ਕੀਤੀ ਜਾਂਦੀ ਹੈ:-

**ਪੈਰਾ ਨੰ: 1**

**ਅੰਤਿਕਾ 1(II)** ਵਿਚ ਸ਼ਬਦ 'Convener' ਦੀ ਥਾਂ 'Presiding Officer-cum-Convener' ਪੜ੍ਹੇ ਜਾਣ।

**ਪੈਰਾ ਨੰ: 22**

ਮਤੇ ਦੀ ਪਹਿਲੀ ਲਾਈਨ ਵਿਚ ਸ਼ਬਦ 'ਬੀ.ਵੋਕੇਸ਼ਨਲ' ਦੀ ਥਾਂ 'Bachelor of Vocation (B.Voc.) ਪੜ੍ਹਿਆ ਜਾਵੇ।

**ਪੈਰਾ ਨੰ: 33**

| Present | Proposed |
|---|---|
| The Post shall be filled up by direct recruitment through advertisement and the person should be Ex-commissioned Officer not below the rank of Capt./ DSP. | (i) Retired Army Officer with minimum rank of Major, Preferably from the infantry and having experience of security and intelligence or retired Police Officer of the rank of DSP or above.<br>(ii) Punjabi Upto Matric is essential.<br>(iii) The retired person above the age of 60 years will be recruited initially for a period of 3 years with fixed salary (Last pay drawn minus pension). |

**ਸਿੰਡੀਕੇਟ ਦੀ ਇਕੱਤਰਤਾ ਮਿਤੀ 26.12.2014 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 26.12.2014 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

**ਵਿਤੀ ਸਾਲ 2015-16 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 3.3.2015 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

3. ਵਿਤੀ ਸਾਲ 2015-16 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 3.3.2015 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਵਿੱਤੀ ਸਾਲ 2015-16 ਦੇ ਬੱਜਟ ਅਨੁਮਾਨ ਸਬੰਧੀ ਵੇਰਵਾ ਦੱਸਿਆ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

**ਸਾਲ 2014-15 ਦਾ ਲੇਖਾ ਜੋਖਾ**

ਸਾਲ 2014-15 ਦਾ ਮੂਲ ਬਜਟ 63 ਕਰੋੜ 80 ਲੱਖ 44 ਹਜਾਰ ਰੁਪਏ ਦੀ ਪਲੱਸ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਪਲੱਸ ਮੁਢਲੀ ਬਕਾਇਆ ਵੱਧ ਕੇ 116 ਕਰੋੜ 67 ਲੱਖ 56 ਹਜਾਰ ਰੁਪਏ ਹੋਵੇਗਾ। ਸਾਲ 2014-15 ਦਾ ਮੂਲ ਬੱਜਟ 299 ਕਰੋੜ 68 ਲੱਖ 7 ਹਜਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਖਰਚੇ ਘਟਾ ਕੇ ਸੋਧੇ ਬਜਟ ਅਨੁਮਾਨਾਂ ਵਿਚ 277 ਕਰੋੜ 10 ਲੱਖ 93 ਹਜਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਦੇ ਅੰਤ ਤੱਕ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ 35 ਕਰੋੜ 54 ਲੱਖ 85 ਹਜਾਰ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 160 ਕਰੋੜ 11 ਲੱਖ 96 ਹਜਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 179 ਕਰੋੜ 59 ਲੱਖ 76 ਹਜਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2014-15 ਦੌਰਾਨ ਆਮਦਨ ਵਿਚ ਤਕਰੀਬਨ 19 ਕਰੋੜ ਰੁਪਏ ਦਾ ਵਾਧਾ ਅਤੇ ਖਰਚੇ ਵਿਚ ਤਕਰੀਬਨ 22 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2014-15 ਦੇ ਬਜਟ ਦਾ ਅੰਤ 54 ਕਰੋੜ 71 ਲੱਖ 24 ਹਜਾਰ ਰੁਪਏ ਦੀ ਵਾਫਰ (surplus) ਰਕਮ ਨਾਲ ਕੀਤਾ ਗਿਆ ਹੈ।

**ਸਾਲ 2015-16 ਦੇ ਬਜਟ ਅਨੁਮਾਨ**

ਸਾਲ 2015-16 ਦਾ ਬਜਟ 54 ਕਰੋੜ 71 ਲੱਖ 24 ਹਜਾਰ ਰੁਪਏ ਦੀ ਵਾਫਰ (surplus) ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2015-16 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 181 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਜਾਣ ਵਾਲੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬੱਜਟ ਵਿਚ ਕੀਤੀ ਗਈ ਹੈ। ਕੁੱਲ ਮਿਲਾ ਕੇ ਖਰਚੇ ਦੀ ਰਕਮ 338 ਕਰੋੜ 34 ਲੱਖ 75 ਹਜਾਰ ਰੁਪਏ ਹੋਵੇਗੀ।

ਸਾਲ 2015-16 ਦੌਰਾਨ ਪੰਜਾਬ ਸਰਕਾਰ ਵਲੋਂ 35 ਕਰੋੜ 54 ਲੱਖ 85 ਹਜਾਰ ਰੁਪਏ ਦੀ ਨਿਰਬਾਹ ਗ੍ਰਾਂਟ ਪ੍ਰਾਪਤ ਹੋਵੇਗੀ। ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 171 ਕਰੋੜ 51 ਲੱਖ 86 ਹਜਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁੱਲ 207 ਕਰੋੜ 6 ਲੱਖ 71 ਹਜਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।

ਇਸ ਤਰ੍ਹਾਂ ਸਾਲ 2015-16 ਦੇ ਬੱਜਟ ਵਿਚ 76 ਕਰੋੜ 56 ਲੱਖ 80 ਹਜਾਰ ਰੁਪਏ ਘਾਟੇ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2015-16 ਦੇ ਬੱਜਟ ਅਨੁਮਾਨ ਦੀ ਕੁੱਲ 338 ਕਰੋੜ 34 ਲੱਖ 75 ਹਜਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:-

| | | |
|---|---|---|
| 1. | ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿੱਖਿਆ ਦਾ ਸੁਧਾਰ | 52.34% |
| 2. | ਨਾਨ-ਟੀਚੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡ ਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 11.10% |
| 3. | ਜਨਰਲ ਐਡਮਿਨਿਸਟ੍ਰੇਸ਼ਨ | 11.56% |
| 4. | ਪ੍ਰੀਖਿਆਵਾਂ ਦਾ ਸੰਚਾਲਨ | 5.26% |
| 5. | ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼,ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨਿਕੀਕਰਨ) | 16.19% |
| 6. | ਇਮਾਰਤਾਂ ਦੀ ਉਸਾਰੀ | 3.55% |

ਸਾਲ 2014-15 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 5 ਕਰੋੜ 8 ਲੱਖ ਰੁਪਏ ਦੀ ਟਿਊਸ਼ਨ ਫੀਸ (Full/Half) ਕਨਸੈਸ਼ਨ ਦਿੱਤੀ ਗਈ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 16 ਲੱਖ 58 ਹਜਾਰ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਗਈ। "Post Matric Scholarship to SC Scheme" ਅਧੀਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦਾ 5 ਕਰੋੜ 17 ਲੱਖ 48 ਹਜਾਰ ਰੁਪਏ ਦਾ ਫੀਸ ਕਲੇਮ ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਿਆ ਹੈ।

ਯੂਨੀਵਰਸਿਟੀ ਵਲੋਂ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਹਰ ਪੱਖ ਤੋਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਚੇਰੀ ਵਿਦਿਆ ਹਾਸਲ ਕਰਕੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਣ। ਇਸ ਕੋਸ਼ਿਸ਼ ਵਿਚ ਵਾਧਾ ਕਰਦੇ ਹੋਏ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਟੈਕਨੀਕਲ ਕੋਰਸਾਂ ਵਿਚ ਮਿਆਰੀ ਸਿੱਖਿਆ ਦੇਣ ਹਿੱਤ ਉਤਸ਼ਾਹਿਤ ਕਰਨ ਲਈ ਰਿਜਨਲ ਕੈਂਪਸ, ਸਠਿਆਲਾ ਅਤੇ ਸੁਲਤਾਨਪੁਰ ਲੋਧੀ (ਫੱਤੂ ਢੀਂਗਾ) ਵਿਖੇ ਪੜ੍ਹਾਏ ਜਾਂਦੇ ਟੈਕਨੀਕਲ ਕੋਰਸਾਂ ਵਿਚ ਸੈਸ਼ਨ 2015-16 ਤੋਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਪਾਸੋਂ ਲਈ ਜਾਣ ਵਾਲੀ ਫੀਸ ਵਿਚ 30% ਦੀ ਕਟੌਤੀ ਕੀਤੀ ਗਈ ਹੈ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ ਅਤੇ ਇਸ ਸਾਲ ਵੀ ਕੋਈ ਵਾਧਾ ਨਹੀਂ ਕੀਤਾ ਜਾ ਰਿਹਾ।

ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਖਿਡਾਰੀਆਂ ਅਤੇ ਕੋਚਾਂ ਦੇ ਮਾਨ-ਭੱਤੇ, ਡੀ.ਏ. ਅਤੇ ਡਾਈਟ ਦੀਆਂ ਦਰਾਂ ਵਿਚ ਵਾਧਾ ਕੀਤਾ ਗਿਆ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਵਾਏ ਜਾ ਰਹੇ ਹਨ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ 'ਤੇ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ ਦੂਰ ਤੋਂ, ਇਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ

ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਯੂਨੀਵਰਸਿਟੀ ਵਿਖੇ ਸਾਲ 2015-16 ਤੋਂ ਪੰਜ ਸਾਲ ਲਈ "Chair for Study of the Ghadar Movement" ਨਾਂ ਦੀ ਇਕ ਚੇਅਰ ਸਥਾਪਿਤ ਕੀਤੀ ਜਾ ਰਹੀ ਹੈ ਤਾਂ ਜੋ ਗਦਰੀ ਬਾਬਿਆਂ ਵਲੋਂ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਪਾਏ ਬਹੁਮੁੱਲੇ ਯੋਗਦਾਨ ਦਾ ਮੁਲਾਂਕਣ ਕੀਤਾ ਜਾ ਸਕੇ ਅਤੇ ਉਨ੍ਹਾਂ ਵਲੋਂ ਅਜ਼ਾਦੀ ਦੇ ਘੋਲ ਵਿਚ ਪਾਏ ਯੋਗਦਾਨ ਸਬੰਧੀ ਆਮ ਲੋਕਾਂ ਨੂੰ ਜਾਣਕਾਰੀ ਪ੍ਰਾਪਤ ਹੋ ਸਕੇ।

ਵਰਤਮਾਨ ਪ੍ਰਸਥਿਤੀਆਂ ਦੀ ਲੋੜ ਨੂੰ ਵੇਖਦੇ ਹੋਏ ਯੂਨੀਵਰਸਿਟੀ ਵਲੋਂ ਸਾਲ 2015-16 ਤੋਂ "Tourism & Hospitality" ਦੇ ਨਾਂ ਦਾ ਇਕ ਨਵਾਂ ਵਿਭਾਗ ਖੋਲ੍ਹਿਆ ਜਾ ਰਿਹਾ ਹੈ, ਤਾਂ ਜੋ ਵਿਦਿਆਰਥੀਆਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਸਕਣ।

ਯੂਨੀਵਰਸਿਟੀ ਵਲੋਂ ਸਾਲ 2015-16 ਤੋਂ Computer Science & Engineering ਵਿਭਾਗ ਨੂੰ Computer Engineering & Technology ਅਤੇ Computer Science ਦੇ ਦੋ ਵਿਭਾਗਾਂ ਵਿਚ ਵੰਡਿਆ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਉੱਚਪਾਏ ਦੀ ਵਿਦਿਆ ਪ੍ਰਾਪਤ ਹੋ ਸਕੇ ਅਤੇ ਟੈਕਨਾਲੋਜੀ ਦੇ ਖੇਤਰ ਵਿਚ ਰਿਸਰਚ ਦੇ ਕੰਮ ਨੂੰ ਹੋਰ ਹੁਲਾਰਾ ਦਿੱਤਾ ਜਾ ਸਕੇ।

ਪੰਜਾਬੀ ਸਾਹਿਤ ਦੀ ਸਾਂਭ ਸੰਭਾਲ ਅਤੇ ਇਸ ਦੇ ਪ੍ਰਚਾਰ ਵਿਚ ਪਾਏ ਜਾਂਦੇ ਵੱਡਮੁੱਲੇ ਯੋਗਦਾਨ ਨੂੰ ਵੇਖਦਿਆਂ ਯੂਨੀਵਰਸਿਟੀ ਵਲੋਂ ਪੰਜਾਬ ਨਾਟਸ਼ਾਲਾ ਚੈਰੀਟੇਬਲ ਟ੍ਰਸਟ, ਅੰਮ੍ਰਿਤਸਰ, ਵਿਰਸਾ ਵਿਹਾਰ, ਅੰਮ੍ਰਿਤਸਰ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੂੰ ਇਕ ਇਕ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਇਨ੍ਹਾਂ ਸੰਸਥਾਵਾਂ ਵਲੋਂ ਪੰਜਾਬੀ ਸਾਹਿਤ ਸਬੰਧੀ ਕੀਤੀਆਂ ਜਾਂਦੀਆਂ ਸਰਗਰਮੀਆਂ ਨੂੰ ਹੋਰ ਤੇਜ ਕੀਤਾ ਜਾ ਸਕੇ।

ਭਾਰਤ ਸਰਕਾਰ ਦੇ ਮਨੁੱਖੀ ਸੰਸਾਧਨ ਵਿਕਾਸ ਮੰਤਰਾਲਾ ਵਲੋਂ ਯੂਨੀਵਰਸਿਟੀ ਨੂੰ Technical Education Quality Improvement Programme-II (TEQIP-II) ਦੀ ਸਕੀਮ ਤਹਿਤ 10 ਕਰੋੜ ਦੀ ਗ੍ਰਾਂਟ ਪ੍ਰਵਾਨ ਹੋ ਚੁੱਕੀ ਹੈ, ਜਿਸਦੀ ਪਹਿਲੀ ਕਿਸ਼ਤ 3 ਕਰੋੜ ਰੁਪਏ ਸਾਲ 2014-15 ਵਿਚ ਪ੍ਰਾਪਤ ਹੋਣ ਦੀ ਆਸ ਹੈ।

ਯੂਨੀਵਰਸਿਟੀ ਨੂੰ UPE ਦਾ Status ਪ੍ਰਾਪਤ ਹੋਣ ਕਰਕੇ ਇਸ ਵੇਲੇ ਲੱਗਭੱਗ 150 Full-time Non NET Ph.D. Scholars, ਜਿਨ੍ਹਾਂ ਨੂੰ ਕਿਸੇ ਹੋਰ ਸੋਮੇ ਤੋਂ Fellowship ਨਹੀਂ ਮਿਲ ਰਹੀ ਹੈ, ਨੂੰ 8000/-ਰੁਪਏ ਪ੍ਰਤੀ ਮਹੀਨਾ ਦੀ Fellowship ਅਤੇ 10000/- ਰੁਪਏ ਪ੍ਰਤੀ ਸਾਲ (ਸਾਇੰਸ ਵਿਸ਼ੇ) ਅਤੇ 8000/- ਰੁਪਏ ਪ੍ਰਤੀ ਸਾਲ (ਆਰਟਸ ਵਿਸ਼ੇ) ਬਤੌਰ contingency ਦਿੱਤੀ ਜਾ ਰਹੀ ਹੈ।

ਯੂਨੀਵਰਸਿਟੀ ਨੂੰ ਬਾਹਰਵੀਂ ਪਲਾਨ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ Development Assistance Scheme (ਸਮੇਤ Merged Scheme) ਵਾਸਤੇ 26 ਕਰੋੜ 31 ਲੱਖ ਰੁਪਏ ਦੀ ਰਾਸ਼ੀ ਐਲੋਕੇਟ ਕੀਤੀ ਗਈ ਹੈ, ਜਿਸ ਵਿਚੋਂ 10 ਕਰੋੜ ਰੁਪਏ ਦੀ ਰਾਸ਼ੀ Non-NET Ph.D. Research Scholar ਦੀ Fellowship/ Contigency ਲਈ ਸ਼ਾਮਲ ਹਨ। 26 ਕਰੋੜ 31 ਲੱਖ ਰੁਪਏ ਦੀ ਪ੍ਰਵਾਨਤ ਰਾਸ਼ੀ ਵਿਚੋਂ ਸਾਲ 2012-13 ਦੌਰਾਨ 2 ਕਰੋੜ 68 ਲੱਖ 13 ਹਜਾਰ ਰੁਪਏ ਅਤੇ ਸਾਲ 2013-14 ਦੌਰਾਨ 7 ਕਰੋੜ 84 ਲੱਖ 27 ਹਜਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ DRS-SAP ਸਕੀਮ ਤਹਿਤ ਸਾਲ 2014-15 ਦੌਰਾਨ Human Genetics ਵਿਭਾਗ ਨੂੰ 47 ਲੱਖ 50 ਹਜਾਰ ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਜਾ ਚੁੱਕੀ ਹੈ। ਕੈਮਿਸਟਰੀ ਵਿਭਾਗ ਦੇ DST-FIST ਪ੍ਰੋਗਰਾਮ ਤਹਿਤ 1 ਕਰੋੜ 12 ਲੱਖ 56 ਹਜਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

ਵੱਖ-ਵੱਖ ਵਿਭਾਗਾਂ ਵਿਚ ਕੰਮ ਕਰ ਰਹੇ ਅਧਿਆਪਕ ਸਾਹਿਬਾਨਾਂ ਨੂੰ ਵੱਖ-ਵੱਖ ਏਜੰਸੀਆਂ ਵਲੋਂ ਪ੍ਰੋਜੈਕਟਾਂ ਲਈ 2 ਕਰੋੜ 30 ਲੱਖ 70 ਹਜਾਰ ਰੁਪਏ ਦੀ ਗ੍ਰਾਂਟ

ਪ੍ਰਾਪਤ ਹੋਈ ਹੈ।

ਵੱਖ-ਵੱਖ Funding Agencies ਪਾਸੋਂ ਅੱਲਗ-ਅਲੱਗ ਸਕੀਮਾਂ ਅਧੀਨ ਪ੍ਰਾਪਤ ਗ੍ਰਾਂਟਾਂ ਵਿੱਚ ਲਗਭਗ 600 Research Scholars ਵੱਖ-ਵੱਖ ਵਿਸ਼ਿਆਂ 'ਤੇ Research ਦਾ ਕੰਮ ਕਰ ਰਹੇ ਹਨ।

DST-PURSE ਸਕੀਮ ਅਧੀਨ Department of Science & Technology, New Delhi ਵਲੋਂ ਪ੍ਰਵਾਨਤ 9 ਕਰੋੜ ਰੁਪਏ ਦੀ ਗ੍ਰਾਂਟ ਵਿਚੋਂ ਦੂਸਰੀ ਕਿਸ਼ਤ 3 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ।

ਯੂ.ਜੀ.ਸੀ. ਵੱਲੋਂ Academic Staff College ਨੂੰ ਬਾਹਰ੍ਹਵੇਂ ਪਲਾਨ ਦੌਰਾਨ ਵੀ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਸਾਲ 2014-15 ਦੌਰਾਨ 50 ਲੱਖ ਰੁਪਏ ਦੀ ਗ੍ਰਾਂਟ ਵੀ ਇਸ ਵਾਸਤੇ ਪ੍ਰਾਪਤ ਹੋ ਚੁੱਕੀ ਹੈ।

ਯੂ.ਜੀ.ਸੀ. ਵਲੋਂ Development of Sports Infrastructure & Equipments Scheme ਤਹਿਤ 100 Bedded Sports Hostel ਵਾਸਤੇ 1 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਦੀ ਪ੍ਰਵਾਨਗੀ ਵੀ ਪ੍ਰਾਪਤ ਹੋ ਚੁੱਕੀ ਹੈ।

RUSA ਸਕੀਮ ਅਧੀਨ ਯੂਨੀਵਰਸਿਟੀ ਨੂੰ ਸਾਲ 2014-15 ਲਈ 10 ਕਰੋੜ ਰੁਪਏ ਦੀ ਗ੍ਰਾਂਟ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ, ਜਿਸ ਵਿਚੋਂ 2 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ, ਜਿਸ ਨਾਲ ਲੜਕਿਆਂ ਲਈ ਇਕ ਨਵੇਂ ਹੋਸਟਲ ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ 2 ਕਰੋੜ 50 ਲੱਖ ਰੁਪਏ ਦੀ ਹੋਰ ਗ੍ਰਾਂਟ ਇਸ ਸਾਲ 2014-15 ਦੌਰਾਨ ਪ੍ਰਾਪਤ ਹੋਣ ਦੀ ਆਸ ਹੈ।

ਯੂਨੀਵਰਸਿਟੀ ਵਿਖੇ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਅਤੇ NAAC ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦੇ ਹੋਏ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੇ ਹੈਲਥ ਸੈਂਟਰ ਵਿਖੇ ਇਕ ਹੋਰ ਮੈਡੀਕਲ ਅਫਸਰ ਦੀ ਅਸਾਮੀ ਦੇ ਨਾਲ ਨਾਲ ਮੈਡੀਕਲ ਸਟਾਫ ਦੀਆਂ ਵਾਧੂ ਅਸਾਮੀਆਂ ਦੀ ਵੀ ਰਚਨਾ ਕੀਤੀ ਜਾ ਰਹੀ ਹੈ।

ਪੰਜਾਬ ਸਰਕਾਰ ਵਲੋਂ ਯੂਨੀਵਰਸਿਟੀ ਨੂੰ ਅਲਾਟ ਕੀਤੇ ਕਾਂਸਟੀਚੂਐਂਟ ਕਾਲਜਾਂ ਦੇ ਹੋਏ ਵਿਸਥਾਰ ਨੂੰ ਵੇਖਦੇ ਹੋਏ ਇਨ੍ਹਾਂ ਕਾਲਜਾਂ ਵਿਚ ਸਮੇਂ-ਸਮੇਂ 'ਤੇ ਨਵੇਂ ਵਿਸ਼ੇ ਸ਼ੁਰੂ ਕੀਤੇ ਜਾ ਰਹੇ ਹਨ। ਇਨ੍ਹਾਂ ਕਾਲਜਾਂ ਵਿਚ ਪਿਛਲੇ ਸਾਲ 2013-14 ਦੌਰਾਨ ਵਿਦਿਆਰਥੀਆਂ ਦੀ ਗਿਣਤੀ 6400 ਤੋਂ ਵੱਧ ਕੇ ਇਸ ਸਾਲ 2014-15 ਦੌਰਾਨ 8450 ਹੋ ਗਈ ਹੈ, ਜੋ ਇਨ੍ਹਾਂ ਕਾਲਜਾਂ ਵਿਚ ਹੋ ਰਹੀ ਪ੍ਰਗਤੀ ਨੂੰ ਦਰਸਾਉਂਦਾ ਹੈ। ਯੂਨੀਵਰਸਿਟੀ ਵਲੋਂ ਚਲਾਏ ਜਾ ਰਹੇ ਛੇ ਕਾਂਸਟੀਚੂਐਂਟ ਕਾਲਜਾਂ ਲਈ ਸਾਲ 2012-13 ਅਤੇ ਸਾਲ 2013-14 ਲਈ ਪੰਜਾਬ ਸਰਕਾਰ ਪਾਸੋਂ ਇਸ ਸਾਲ 12.00 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ ਅਤੇ ਇਸ ਵਿੱਤੀ ਸਾਲ 2014-15 ਦੌਰਾਨ 6.00 ਕਰੋੜ ਰੁਪਏ ਦੀ ਹੋਰ ਗ੍ਰਾਂਟ ਪ੍ਰਾਪਤ ਹੋਣ ਦੀ ਆਸ ਹੈ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਮਹਾਰਾਜਾ ਰਣਜੀਤ ਸਿੰਘ ਭਵਨ ਦੀ ਚੌਥੀ ਮੰਜ਼ਿਲ ਅਤੇ ਲੜਕਿਆਂ ਦੇ ਹੋਸਟਲ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ। ਯੂਨੀਵਰਸਿਟੀ ਕੈਂਪਸ ਦੀਆਂ ਮੇਨ ਸੜਕਾਂ ਦੇ ਨਾਲ ਪੈਦਲ ਚੱਲਣ ਵਾਸਤੇ ਫੁੱਟਪਾਥ ਬਣਵਾਏ ਗਏ ਹਨ। ਇਸ ਦੇ ਨਾਲ ਹੀ ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ ICT ਬਿਲਡਿੰਗ ਵਿਚ ਵਾਧਾ, ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਅਕੈਡੇਮਿਕ ਬਿਲਡਿੰਗ, ਮੁਕੰਦਪੁਰ ਵਿਖੇ ਸਕੂਲ ਬਿਲਡਿੰਗ, ਸੁਲਤਾਨਪੁਰ ਲੋਧੀ, ਫੱਤੂ ਢੀਂਗਾ ਵਿਖੇ ਆਈ.ਟੀ. ਬਿਲਡਿੰਗ ਅਤੇ ਬਾਊਂਡਰੀ ਵਾਲ ਦੀ ਉਸਾਰੀ ਦਾ ਕੰਮ ਵੀ ਮੁਕੰਮਲ ਹੋ ਚੁੱਕਾ ਹੈ। ਰਿਜਨਲ ਕੈਂਪਸ, ਸਠਿਆਲਾ ਵਿਖੇ ਬਣੀਆਂ ਵੱਖ-ਵੱਖ ਇਮਾਰਤਾਂ ਦਾ ਉਦਘਾਟਨ ਮਾਣਯੋਗ ਉਪ-ਕੁਲਪਤੀ ਜੀ ਵਲੋਂ ਕੀਤਾ ਗਿਆ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਇਸ ਸਮੇਂ ਲੜਕਿਆਂ ਦੇ ਸਪੋਰਟਸ ਹੋਸਟਲ ਦੀ ਉਸਾਰੀ ਚੱਲ ਰਹੀ ਹੈ ਅਤੇ ਲੜਕੀਆਂ ਲਈ ਸਪੋਰਟਸ ਹੋਸਟਲ ਦੀ ਉਸਾਰੀ ਦੀ ਪ੍ਰਵਾਨਗੀ ਵੀ ਪ੍ਰਾਪਤ ਹੋ ਚੁੱਕੀ ਹੈ। ਆਰਕੀਟੈਕਚਰ ਦੀ ਬਿਲਡਿੰਗ

ਵਿਚ ਵਾਧੇ ਸਬੰਧੀ ਉਸਾਰੀ ਦੇ ਕੰਮ ਤੋਂ ਇਲਾਵਾ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੀ ਇਮਾਰਤ ਜਲਦੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਦੇ ਨਾਲ ਰਿਜਨਲ ਕੈਂਪਸ, ਸਠਿਆਲਾ, ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜ, ਵੇਰਕਾ ਅਤੇ ਪੱਟੀ ਵਿਖੇ ਵਰਕਸ਼ਾਪ ਦੀ ਉਸਾਰੀ ਦੇ ਕੰਮ ਤੋਂ ਇਲਾਵਾ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜ, ਚੁੰਘ ਵਿਖੇ ਬਾਊਂਡਰੀ ਵਾਲ ਦੀ ਉਸਾਰੀ ਦਾ ਕੰਮ ਵੀ ਸ਼ੁਰੂ ਕੀਤਾ ਜਾ ਰਿਹਾ ਹੈ।

**ਪਾਸ ਹੋਇਆ** ਕਿ ਵਿਤੀ ਸਾਲ 2015-16 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 3.3.2015 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਸਿੰਪੋਜ਼ੀਅਮ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪ੍ਰਵਾਨਗੀ।**

4. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਅੱਗੇ ਦਰਸਾਏ ਵੇਰਵੇ ਅਨੁਸਾਰ, ਸਿੰਪੋਜ਼ੀਅਮ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ | The 2nd International Symposium on Aggregation-Induced Emission to be held in China from 15-18 May, 2015. |

**ਡਾ. ਸੁਖਦੇਵ ਸਿੰਘ, ਪ੍ਰੋਫੈਸਰ ਅਤੇ ਮੁਖੀ, ਅੰਗਰੇਜੀ ਵਿਭਾਗ ਨੂੰ ਲੈਕਚਰ ਦੇਣ ਲਈ ਬਿਨਾਂ ਕਿਸੇ ਵਿੱਤੀ ਸਹਾਇਤਾ ਤੋਂ** Russia **ਜਾਣ ਦੀ ਆਗਿਆ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਡਾ. ਹਰਬੀਰ ਸਿੰਘ ਮਾਣਕੂ, ਐਸੋਸੀਏਟ ਪ੍ਰੋਫੈਸਰ ਨੂੰ ਵਿਭਾਗ ਦਾ ਨਿੱਤਾ ਪ੍ਰਤੀ ਕੰਮ ਸੌਂਪਣ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਸੁਖਦੇਵ ਸਿੰਘ, ਪ੍ਰੋਫੈਸਰ ਅਤੇ ਮੁਖੀ, ਅੰਗਰੇਜੀ ਵਿਭਾਗ ਨੂੰ Department of Philology, Saratov State University, Balashov (Russia) ਵਿਖੇ ਲੈਕਚਰ ਦੇਣ ਲਈ ਬਿਨਾਂ ਕਿਸੇ ਵਿੱਤੀ ਸਹਾਇਤਾ ਤੋਂ ਮਿਤੀ 16.2.2015 ਤੋਂ 25.2.2015 ਤੱਕ 10 ਦਿਨਾਂ ਦੀ ਡਿਊਟੀ ਲੀਵ ਅਤੇ ਮਿਤੀ 26.2.2015 ਤੋਂ 6.3.2015 ਤੱਕ 9 ਦਿਨਾਂ ਦੀ ਕਮਾਈ ਛੁੱਟੀ (ਸਮੇਤ ਅਗੇਤਰੀ ਛੁੱਟੀਆਂ ਮਿਤੀ 14-15.2.2015 ਅਤੇ ਪਿਛੇਤਰੀ ਛੁੱਟੀਆਂ 7-8.3.2015) ਦੌਰਾਨ ਮਿਤੀ 14.2.2015 ਤੋਂ 8.3.2015 ਤੱਕ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

(ਅ) ਉਕਤ (ੳ) ਅਧੀਨ ਡਾ. ਸੁਖਦੇਵ ਸਿੰਘ, ਪ੍ਰੋਫੈਸਰ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਕੰਮ ਦੀ ਜਿੰਮੇਵਾਰੀ ਡਾ. ਹਰਬੀਰ ਸਿੰਘ ਮਾਣਕੂ, ਐਸੋਸੀਏਟ ਪ੍ਰੋਫੈਸਰ ਨੂੰ ਸੌਂਪੀ ਹੈ।

**ਪ੍ਰੋਫੈਸਰ ਗੁਲਜ਼ਾਰ ਸਿੰਘ ਕੰਗ ਨੂੰ ਸੈਂਟਰ ਆਨ ਸਟੱਡੀਜ਼ ਇਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਡਾਇਰੈਕਟਰ ਵਜੋਂ ਕਾਰਜਭਾਰ ਸੌਂਪਣ ਅਤੇ ਪ੍ਰੋਫੈਸਰ ਬਲਵੰਤ ਸਿੰਘ ਢਿੱਲੋਂ ਦੀ ਸੈਂਟਰ ਆਨ ਸਟੱਡੀਜ਼ ਇਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਵਿਜ਼ਟਿੰਗ ਪ੍ਰੋਫੈਸਰ ਵਜੋਂ ਨਿਯੁਕਤੀ ਦੀ ਪੁਸ਼ਟੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਪ੍ਰੋਫੈਸਰ ਗੁਲਜ਼ਾਰ ਸਿੰਘ ਕੰਗ ਨੂੰ ਮਿਤੀ 5.2.2015 ਤੋਂ ਅਗਲੇ ਆਦੇਸ਼ਾਂ ਤੱਕ ਸੈਂਟਰ ਆਨ ਸਟੱਡੀਜ਼ ਇਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਡਾਇਰੈਕਟਰ ਵਜੋਂ ਕਾਰਜਭਾਰ ਸੌਂਪਿਆ ਹੈ।

(ਅ) ਪ੍ਰੋਫੈਸਰ ਬਲਵੰਤ ਸਿੰਘ ਢਿੱਲੋਂ ਦੀ ਮਿਤੀ 5.2.2015 ਤੋਂ ਤਿੰਨ ਮਹੀਨੇ ਲਈ ਸੈਂਟਰ ਆਨ ਸਟੱਡੀਜ਼ ਇਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਵਿਜ਼ਟਿੰਗ ਪ੍ਰੋਫੈਸਰ ਵਜੋਂ ਨਿਯੁਕਤੀ ਕੀਤੀ ਹੈ।

**ਡਾ. ਵਿਪਨ ਕੁਮਾਰ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਸਟੱਡੀ ਲੀਵ ਦੀ ਪੁਸ਼ਟੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਵਿਪਨ ਕੁਮਾਰ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ Research group of Dr. Erik Chorell at UMEA University, Sweden ਵਿਖੇ Post Doctoral Fellowship avail ਕਰਨ ਲਈ ਪਹਿਲਾਂ ਪਰਦਾਨ ਕੀਤੀ ਮਿਤੀ 25.1.2015 ਤੋਂ 31.12.2015 ਤੱਕ ਛੁੱਟੀ ਦੀ ਬਜਾਏ ਮਿਤੀ 23.2.2015 ਤੋਂ 15.2.2016 ਤੱਕ ਸਟੱਡੀ ਲੀਵ ਪ੍ਰਦਾਨ ਕੀਤੀ ਹੈ।

**ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 14.3.2015 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਇਕ ਸਾਲ ਲਈ ਵਾਧਾ ਕੀਤਾ ਹੈ।

**ਡਾ. ਅਨੁਪਮ ਕੌਰ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਹਿਊਮਨ ਜੈਨੇਟਿਕਸ ਵਿਭਾਗ ਨੂੰ ਸਿੰਘਾਪੁਰ ਅਤੇ ਮਲੇਸ਼ੀਆ ਜਾਣ ਦੀ ਆਗਿਆ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਡਾ. ਏ.ਜੇ.ਐਸ. ਭੰਵਰ ਨੂੰ ਵਿਭਾਗ ਦਾ ਨਿੱਤਾ ਪ੍ਰਤੀ ਕੰਮ ਸੌਂਪਣ ਦੀ ਪੁਸ਼ਟੀ।**

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਅਨੁਪਮ ਕੌਰ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਹਿਊਮਨ ਜੈਨੇਟਿਕਸ ਵਿਭਾਗ ਨੂੰ ਮਿਤੀ 2.3.2015 ਤੋਂ 9.3.2015 ਤੱਕ ਦੀ ਕਮਾਈ ਛੁੱਟੀ ਦੌਰਾਨ ਨਿੱਜੀ ਕੰਮ ਲਈ ਸਿੰਘਾਪੁਰ ਅਤੇ ਮਲੇਸ਼ੀਆ ਜਾਣ ਦੀ ਆਗਿਆ ਦਿੱਤੀ ਹੈ।

(ਅ) ਉਕਤ (ੳ) ਅਧੀਨ ਡਾ. ਅਨੁਪਮ ਕੌਰ ਦੀ ਛੁੱਟੀ ਦੌਰਾਨ ਵਿਭਾਗ ਦਾ ਨਿੱਤਾ ਪ੍ਰਤੀ ਦੇ ਕੰਮ ਦੀ ਜ਼ਿੰਮੇਵਾਰੀ ਡਾ. ਏ.ਜੇ.ਐਸ. ਭੰਵਰ, ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ ਨੂੰ ਸੌਂਪੀ ਹੈ।

**ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਬਖਸ਼ੀਸ਼ ਸਿੰਘ ਗਿੱਲ, ਸੀਨੀਅਰ ਪ੍ਰੋਗਰਾਮਰ, ਕੰਪਿਊਟਰ ਸੈਂਟਰ, ਜੋ ਮਿਤੀ 28.2.2015 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਕੰਟ੍ਰੈਕਟ ਆਧਾਰ ‘ਤੇ 25,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਡਿਊਟੀ ‘ਤੇ ਹਾਜਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਮੁੜ-ਨਿਯੁਕਤ ਕੀਤਾ ਹੈ।

(ਅ) ਸ਼੍ਰੀ ਸੁਰਿੰਦਰ ਪਾਲ, ਸੀਨੀਅਰ ਸਹਾਇਕ (ਸੇਵਾ-ਮੁਕਤ) ਨੂੰ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ (ਨਵਾਂ ਸ਼ਹਿਰ) ਵਿਖੇ ਮਿਤੀ 2.3.2015 ਤੋਂ ਜਾਂ ਡਿਊਟੀ ‘ਤੇ ਹਾਜਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਬਤੌਰ ਆਫਿਸ ਕਲਰਕ ਕੰਟ੍ਰੈਕਟ ਆਧਾਰ ‘ਤੇ 20,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਮੁੜ-ਨਿਯੁਕਤ ਕੀਤਾ ਹੈ।

(ੲ) ਸ਼੍ਰੀ ਕ੍ਰਿਸ਼ਨਪਾਲ ਸਿੰਘ, ਜੂਨੀਅਰ ਟੈਕਨੀਸ਼ੀਅਨ (ਸੇਵਾ-ਮੁਕਤ), ਮਨੋਵਿਗਿਆਨ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 23.1.2015 ਤੋਂ 30.4.2015 ਤੱਕ ਜਾਂ ਇਹ ਅਸਾਮੀ ਰੈਗੂਲਰ ਤੌਰ ‘ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 17811/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਕੰਟ੍ਰੈਕਟ ਆਧਾਰ ‘ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਵਾਧਾ ਕੀਤਾ ਹੈ। ਉਸਦੀ ਇਹ ਨਿਯੁਕਤੀ ਡਿਊਟੀ ‘ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ।**

11. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ. ਹਰਬੰਸ ਸਿੰਘ, ਵਾਚ ਐਂਡ ਵਾਰਡ ਸੁਪਰਵਾਈਜ਼ਰ, ਸੁਰੱਖਿਆ ਵਿਭਾਗ, ਜੋ ਮਿਤੀ 31.3.2015 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਛੇ ਮਹੀਨੇ ਲਈ 20,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

(ਅ) ਸ਼੍ਰੀ ਜਗਦੇਵ, ਹੈੱਡ-ਮਾਲੀ, ਲੈਂਡ ਸਕੇਪ ਵਿਭਾਗ, ਜੋ ਮਿਤੀ 31.3.2015 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਛੇ ਮਹੀਨੇ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ (Last pay drawn minus pension) ‘ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਸ਼੍ਰੀ ਮਹਿੰਦਰਜੀਤ ਸਿੰਘ, ਆਰਕੀਟੈਕਟ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਮਹਿੰਦਰਜੀਤ ਸਿੰਘ, ਆਰਕੀਟੈਕਟ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2015 ਤੋਂ 31.1.2016 ਤੱਕ ਇਕ ਸਾਲ ਲਈ ਪਹਿਲੇ ਮਿੱਥੇ ਮਾਣਭੱਤੇ (12000/- ਰੁਪਏ + 10.3% ਸਰਵਿਸ ਟੈਕਸ ਪ੍ਰਤੀ ਮਹੀਨਾ) ‘ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਵਾਧਾ ਕੀਤਾ ਹੈ।

**ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 12.3.2015 ਦੀ ਬ੍ਰੇਕ ਦੇ ਕੇ ਮਿਤੀ 13.3.2015 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਸ਼੍ਰੀ ਮਨਜੀਤ ਸਿੰਘ, ਬਾਸਕਟਬਾਲ ਕੋਚ
2. ਸ਼੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ
3. ਸ਼੍ਰੀ ਲਖਵੀਰ ਸਿੰਘ, ਕਬੱਡੀ/ ਖੋ-ਖੋ ਕੋਚ

**ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਨਿਯੁਕਤੀ/ ਮੁੜ-ਨਿਯੁਕਤੀ ਦੀ ਪੁਸ਼ਟੀ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ਼੍ਰੀ ਦਵਿੰਦਰਜੀਤ ਸਿੰਘ, ਸਹਾਇਕ ਇੰਜੀਨੀਅਰ (ਰਿਟਾ.), ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਡਿਊਟੀ 'ਤੇ ਹਾਜਰ ਹੋਣ ਦੀ ਮਿਤੀ ਤੋਂ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ (Last pay drawn minus pension) 'ਤੇ ਇਕ ਸਾਲ ਲਈ ਸਹਾਇਕ ਇੰਜੀਨੀਅਰ (ਇਲੈਕਟ੍ਰੀਕਲ) ਦੀ ਖਾਲੀ ਅਸਾਮੀ ਵਿਰੁੱਧ ਕੰਟ੍ਰੈਕਟ ਅਧਾਰ 'ਤੇ ਓ.ਐਸ.ਡੀ. (ਇਲੈਕਟ੍ਰੀਕਲ) ਵਜੋਂ ਨਿਯੁਕਤ ਕੀਤਾ ਹੈ।

(ਅ) ਸ਼੍ਰੀ ਪ੍ਰਤਾਪ ਚੰਦ, ਫੋਟੋ ਸਟੈਟ ਓਪਰੇਟਰ-ਕਮ-ਰਿਸਟਰੋਰ-ਕਮ-ਦਫਤਰੀ (ਰਿਟਾ.) , ਉਪ-ਕੁਲਪਤੀ ਦਫਤਰ, ਜਿਸ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 31.1.2015 ਨੂੰ ਖਤਮ ਹੋ ਰਹੀ ਹੈ, ਵਿਚ ਛੇ ਮਹੀਨੇ ਦਾ ਵਾਧਾ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਕੀਤਾ ਹੈ। ਉਸਦੀ ਇਹ ਨਿਯੁਕਤੀ ਡਿਊਟੀ ਜੁਆਇੰਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸ਼੍ਰੀ ਹਰਪ੍ਰੀਤ ਸਿੰਘ, ਐਥਲੈਟਿਕ ਕੋਚ, ਸਪੋਰਟਸ ਵਿਭਾਗ ਨੂੰ ਅਮਰੀਕਾ ਜਾਣ ਲਈ ਬਿਨਾਂ ਤਨਖਾਹ ਛੁੱਟੀ ਦੀ ਪ੍ਰਵਾਨਗੀ।**

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਹਰਪ੍ਰੀਤ ਸਿੰਘ, ਜੋ ਸਪੋਰਟਸ ਵਿਭਾਗ ਵਿਖੇ ਮਿਤੀ 27.6.2014 ਤੋਂ ਇਕ ਸਾਲ ਦੇ ਅਜ਼ਮਾਇਸ਼ੀ ਸਮੇਂ 'ਤੇ ਐਥਲੈਟਿਕਸ ਕੋਚ ਵਜੋਂ ਨਿਯੁਕਤ ਹਨ, ਨੂੰ ਅਮਰੀਕਾ ਵਿਖੇ ਸਹੁਰਿਆਂ ਨੂੰ ਮਿਲਣ ਜਾਣ ਲਈ ਮਿਤੀ 13.4.2015 ਤੋਂ 23.6.2015 ਤੱਕ 72 ਦਿਨਾਂ ਦੀ ਬਿਨਾਂ ਤਨਖਾਹ ਛੁੱਟੀ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸ਼੍ਰੀਮਤੀ ਤਲਵਿੰਦਰ ਕੌਰ, ਨਿੱਜੀ ਸਹਾਇਕ, ਦਫਤਰ, ਡੀਨ, ਵਿਦਿਆਰਥੀ ਭਲਾਈ ਦੀ ਕਮਾਈ ਛੁੱਟੀ ਵਿਚ ਵਾਧੇ ਦੀ ਪੁਸ਼ਟੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀਮਤੀ ਤਲਵਿੰਦਰ ਕੌਰ, ਨਿੱਜੀ ਸਹਾਇਕ, ਦਫਤਰ, ਡੀਨ, ਵਿਦਿਆਰਥੀ ਭਲਾਈ ਦੀ ਬੱਚਿਆਂ ਨੂੰ ਮਿਲਣ ਅਤੇ ਬੇਟੇ ਦੀ ਸ਼ਾਦੀ ਵਾਸਤੇ ਕੈਨੇਡਾ ਵਿਖੇ ਜਾਣ ਲਈ ਮਿਤੀ 22.12.2014 ਤੋਂ 11.2.2015 ਤੱਕ ਪਹਿਲਾਂ ਪ੍ਰਵਾਨ ਹੋਈ ਕਮਾਈ ਛੁੱਟੀ ਵਿਚ ਮਿਤੀ 12.2.2015 ਤੋਂ 11.3.2015 ਤੱਕ (28 ਦਿਨ) ਦਾ ਵਾਧਾ ਕੀਤਾ ਹੈ।

**ਸ੍ਰੀ ਬਲਜੀਤ ਸਿੰਘ ਵੜੈਚ, ਨਿਗਰਾਨ, ਪਲੇਸਮੈਂਟ ਵਿਭਾਗ ਨੂੰ ਕੈਨੇਡਾ ਜਾਣ ਦੀ ਆਗਿਆ ਦੀ ਪ੍ਰਵਾਨਗੀ।**

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਬਲਜੀਤ ਸਿੰਘ ਵੜੈਚ, ਨਿਗਰਾਨ, ਪਲੇਸਮੈਂਟ ਵਿਭਾਗ ਨੂੰ ਭਰਾ ਨੂੰ ਮਿਲਣ ਅਤੇ Mother ਦੇ ਆਪਰੇਸ਼ਨ ਲਈ ਮਿਤੀ 13.4.2015 ਤੋਂ 10.7.2015 ਤੱਕ (89 ਦਿਨ) ਦੀ ਕਮਾਈ ਛੁੱਟੀ ਪਰਦਾਨ ਕਰਦਿਆਂ ਵੈਨਕੂਵਰ (ਕੈਨੇਡਾ) ਵਿਖੇ ਜਾਣ ਦੀ ਆਗਿਆ ਦਿੱਤੀ ਜਾਂਦੀ ਹੈ।

**ਸ੍ਰੀ ਸਰਬਜੀਤ ਸਿੰਘ, ਨਿਗਰਾਨ, ਕੰਡਕਟ ਸ਼ਾਖਾ ਨੂੰ ਆਸਟ੍ਰੇਲੀਆ ਜਾਣ ਦੀ ਆਗਿਆ ਦੀ ਪੁਸ਼ਟੀ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸਰਬਜੀਤ ਸਿੰਘ, ਨਿਗਰਾਨ, ਕੰਡਕਟ ਸ਼ਾਖਾ ਨੂੰ ਬੇਟੇ ਨੂੰ ਮਿਲਣ ਲਈ ਮਿਤੀ 16.2.2015 ਤੋਂ 1.4.2015 ਤੱਕ (45 ਦਿਨ) ਦੀ ਕਮਾਈ ਛੁੱਟੀ ਪਰਦਾਨ ਕਰਦਿਆਂ ਆਸਟ੍ਰੇਲੀਆ ਵਿਖੇ ਜਾਣ ਦੀ ਆਗਿਆ ਦਿੱਤੀ ਹੈ।

**ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (NCTE), ਨਵੀਂ ਦਿੱਲੀ ਵੱਲੋਂ ਜਾਰੀ ਨੋਟੀਫਿਕੇਸ਼ਨ ਅਡਾਪਟ ਕਰਨ ਦੀ ਪ੍ਰਵਾਨਗੀ।**

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (NCTE), ਨਵੀਂ ਦਿੱਲੀ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:F.51-1/2014-NCTE (N&S) ਮਿਤੀ 28.11.2014 (**ਅੰਤਿਕਾ ਅਨੁਸਾਰ**) ਇਸ ਯੂਨੀਵਰਸਿਟੀ ਵਿਖੇ ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਮਾਰਚ/ਅਪ੍ਰੈਲ 2014 ਤੋਂ ਸਲਾਨਾ/ਸਮੈਸਟਰ ਪ੍ਰੀਖਿਆਵਾਂ ਦੇ ਨਤੀਜਿਆਂ ਦੀ ਸਕਰੂਟਨੀ ਦੇ ਸੇਵਾਫਲ ਦੇ ਦਰਾਂ ਦੀ ਪ੍ਰਵਾਨਗੀ।**

20. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਹੋਈ ਕਿ ਮਾਰਚ/ਅਪ੍ਰੈਲ, 2014 ਤੋਂ ਸਲਾਨਾ/ਸਮੈਸਟਰ ਪ੍ਰੀਖਿਆਵਾਂ ਦੇ ਨਤੀਜਿਆਂ ਦੀ ਸਕਰੂਟਨੀ ਲਈ ਸੇਵਾਫਲ ਦੀ ਅਦਾਇਗੀ **ਅੰਤਿਕਾ** ਅਨੁਸਾਰ ਕੀਤੀ ਜਾਵੇ।

ਹੇਠ ਲਿਖੇ ਨੋਟ ‘ਤੇ ਵੀ ਵਿਚਾਰ ਹੋਈ:-

**ਨੋਟ:-** ਇਸ ਤੋਂ ਇਲਾਵਾ Re-Appear/ Re-Evaluation/ ਕੰਪਾਰਟਮੈਂਟ/ Later Cases/ਸਮੈਸਟਰ/ਸਲਾਨਾ ਪ੍ਰੀਖਿਆਰਥੀਆਂ ਦੇ ਨਤੀਜੇ, ਜਿਨ੍ਹਾਂ ਦੀ 100% ਸਕਰੂਟਨੀ ਕਰਵਾਈ ਜਾਣੀ ਹੈ, ਦੀ ਅਦਾਇਗੀ ਪਹਿਲਾਂ ਪ੍ਰਵਾਨ ਹੋਏ ਰੇਟਾਂ ਅਨੁਸਾਰ ਹੀ ਕੀਤੀ ਜਾਣੀ ਬਣਦੀ ਹੈ।

**ਪਾਸ ਹੋਇਆ** ਕਿ ਮਾਰਚ/ਅਪ੍ਰੈਲ, 2014 ਤੋਂ ਸਲਾਨਾ/ਸਮੈਸਟਰ ਪ੍ਰੀਖਿਆਵਾਂ ਦੇ ਨਤੀਜਿਆਂ ਦੀ ਸਕਰੂਟਨੀ ਲਈ ਸੇਵਾਫਲ ਦੀ ਅਦਾਇਗੀ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

**ਮਿਤੀ 1.4.2015 ਤੋਂ 31.3.2016 ਤੱਕ ਅਧਿਆਪਕਾਂ ਨੂੰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

21. ਮਿਤੀ 1.4.2015 ਤੋਂ 31.3.2016 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਤੇ ਵਿਚਾਰ ਹੋਈ:-

**ਲੜੀ ਨੰ:** **ਅਹੁਦਾ**

(ੳ) 1. ਡੀਨ, ਅਕਾਦਮਿਕ ਮਾਮਲੇ
2. ਡੀਨ, ਵਿਦਿਆਰਥੀ ਭਲਾਈ
3. ਡੀਨ, ਅਲੁਮਨੀ ਐਸੋਸੀਏਸ਼ਨ

**ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ**

4. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

**ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ**

5. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

(ਅ) 1. Co-ordinator, Centre for study of Social Exclusion & Inclusive Policy
2. ਡਾਇਰੈਕਟਰ, ਹਾਸਪੀਟੈਲਿਟੀ
3. ਡਾਇਰੈਕਟਰ, ਅਕਾਦਮਿਕ ਸਟਾਫ ਕਾਲਜ
4. Director, AIS Centre
5. Director, Department of Life-Long Learning
6. ਡਾਇਰੈਕਟਰ, ਰਿਸਰਚ
7. ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ
8. ਕੋਆਰਡੀਨੇਟਰ, ਐਜੂਸੈਟ
9. ਪ੍ਰੋਫੈਸਰ ਇੰਚਾਰਜ਼ (ਪਬਲਿਕ ਰਿਲੇਸ਼ਨਜ਼)
10. Co-ordinator, University Industry Linkage Programme
11. Nodal Officer, Intellectual Property Rights Cell (IPRs Cell)
12. ਪ੍ਰੋਫੈਸਰ ਇੰਚਾਰਜ਼ (ਪ੍ਰੀਖਿਆਵਾਂ)
13. ਪ੍ਰੋਫੈਸਰ ਇੰਚਾਰਜ਼ (ਪਬਲੀਕੇਸ਼ਨ ਬਿਊਰੋ)
14. ਡੀਨ, ਕਾਲਜ ਵਿਕਾਸ ਕੌਂਸਲ
15. ਡਾਇਰੈਕਟਰ, ਗੁਰੂ ਨਾਨਕ ਸਟੱਡੀਜ਼ ਸੈਂਟਰ
16. Professor Incharge (Central Time-Table Grading System)
17. ਰੀਡਰ, ਅਕਾਦਮਿਕ ਸਟਾਫ ਕਾਲਜ
18. ਪ੍ਰੋਫੈਸਰ ਇੰਚਾਰਜ਼, ਹੈਰੀਟੇਜ ਮਿਊਜਿਅਮ
19. ਇੰਚਾਰਜ਼, ਕਾਂਸਟੀਚੂਐਂਟ ਕਾਲਜਾਂ ਅਤੇ ਰਿਜਨਲ ਕੈਂਪਸ, ਸਠਿਆਲਾ ਅਤੇ ਫੱਤੂ ਢੀਂਗਾ।
20. Co-ordinator, HPLC Mass Spectrometer (Central Facility)
21. Chief Information Security Officer, Indian Computer Emergency Response Team(CERT-in).
22. Director, Internal Quality Assurace Cell (IQAC)

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ:-** ਉਕਤ ਕ੍ਰਮ ਨੰ: 15 ਉੱਤੇ ਗੁਰੂ ਨਾਨਕ ਸਟੱਡੀਜ਼ ਸੈਂਟਰ ਨੂੰ ਗ੍ਰਾਂਟ ਪ੍ਰਾਪਤ ਨਾ ਹੋਣ ਕਾਰਣ ਬੰਦ ਕਰਨ ਸਬੰਧੀ ਮੱਦ ਵੱਖਰੇ ਤੌਰ 'ਤੇ ਪੇਸ਼ ਕੀਤੀ ਗਈ ਹੈ।

**ਪਾਸ ਹੋਇਆ** ਕਿ ਮਿਤੀ 1.4.2015 ਤੋਂ 31.3.2016 ਤੱਕ, ਇਕ ਸਾਲ ਦੇ

ਸਮੇਂ ਲਈ ਅਧਿਆਪਕਾਂ ਨੂੰ ਉਕਤ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਵੱਖ-ਵੱਖ ਕਮੇਟੀਆਂ/ ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

22. ਮਿਤੀ 1.4.2015 ਤੋਂ 31.3.2016 ਤੱਕ ਦੇ ਸਮੇਂ ਲਈ ਹੇਠ ਲਿਖੀਆਂ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ 'ਤੇ ਵਿਚਾਰ ਹੋਈ:-

1. ਪਬਲੀਕੇਸ਼ਨ ਕਮੇਟੀ
2. ਕੈਂਪਸ ਕਮੇਟੀ
3. ਮੈਡੀਕਲ /ਹੈਲਥ ਕਮੇਟੀ
4. ਫਾਰਮ ਐਂਡ ਲੈਂਡ ਸਕੇਪ ਕਮੇਟੀ
5. ਕਲਚਰਲ ਕਮੇਟੀ
6. ਵਿਦੇਸ਼ੀ ਵਿਦਿਆਰਥੀ ਐਡਵਾਇਜ਼ਰੀ ਕਮੇਟੀ
7. ਪਲਾਨਿੰਗ ਬੋਰਡ

**ਰਿਜਨਲ ਕੈਂਪਸ, ਜਲੰਧਰ**

1. ਅਨੁਸਾਸ਼ਨੀ ਕਮੇਟੀ
2. ਕੈਂਪਸ ਕਮੇਟੀ
3. ਮੈੱਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ
5. ਸਪੋਰਟਸ ਕਮੇਟੀ
6. ਵੂਮੈਨ ਵੈਲਫੇਅਰ ਕਮੇਟੀ

**ਰਿਜਨਲ ਕੈਂਪਸ, ਗੁਰਦਾਸਪੁਰ**

1. ਅਨੁਸਾਸ਼ਨੀ ਕਮੇਟੀ
2. ਕੈਂਪਸ ਕਮੇਟੀ
3. ਮੈੱਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ

**ਪਾਸ ਹੋਇਆ** ਕਿ ਮਿਤੀ 1.4.2015 ਤੋਂ 31.3.2016 ਤੱਕ ਦੇ ਸਮੇਂ ਲਈ ਉਕਤ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਡਾ. ਜਤਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਨੂੰ** Chicago, USA **ਜਾਣ ਲਈ ਕਮਾਈ ਛੁੱਟੀ ਦੀ ਪ੍ਰਵਾਨਗੀ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਵਿਭਾਗ ਦੇ ਕੰਮ ਦੀ ਜਿੰਮੇਵਾਰੀ ਡੀਨ, ਲਾਈਫ਼ ਸਾਇੰਸਜ਼ ਫੈਕਲਟੀ ਨੂੰ ਸੌਂਪੀ ਗਈ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਡਾ. ਜਤਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਮਿਤੀ 21.5.2015 ਤੋਂ 31.5.2015 ਤੱਕ ਕਮਾਈ ਛੁੱਟੀ (ਸਮੇਤ ਪਿਛੇਤਰੀ ਛੁੱਟੀ ਮਿਤੀ 1.6.2015 ਤੋਂ 15.6.2015 ਤੱਕ (ਗਰਮੀਆਂ ਦੀਆਂ ਛੁੱਟੀਆਂ)) ਪਰਦਾਨ ਕਰਦਿਆਂ Chicago, USA ਜਾਣ ਦੀ ਆਗਿਆ ਦਿੱਤੀ ਜਾਂਦੀ ਹੈ।

(ਅ) ਉਕਤ (ੳ) ਅਧੀਨ ਡਾ. ਜਤਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਦੀ ਛੁੱਟੀ ਦੌਰਾਨ ਵਿਭਾਗ ਦੇ ਨਿਤਾ ਪ੍ਰਤੀ ਕੰਮ ਦੀ ਜਿੰਮੇਵਾਰੀ ਡੀਨ, ਲਾਈਫ ਸਾਇੰਸਜ਼ ਫੈਕਲਟੀ ਨੂੰ ਸੌਂਪੀ ਜਾਂਦੀ ਹੈ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ।**

24. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ | ਜਿਸ ਮਿਤੀ ਤੋਂ ਇਨਕਰੀਮੈਂਟ ਦੇਣੀ ਹੈ/ ਇਨਕਰੀਮੈਂਟ ਦੀ ਰਕਮ(ਰੁ:) | ਬਣਦੀ ਬੇਸਿਕ ਤਨਖਾਹ(ਰੁ:) |
|---|---|---|---|---|
| 1. | ਸ਼੍ਰੀ ਦਰਸ਼ਨ ਸਿੰਘ, ਨਿਗਰਾਨ | 4 ਸਾਲਾ | 2.2.2015 ਤੋਂ 820/- | 22500+5400G.P. = 27900/- |
| 2. | ਸ਼੍ਰੀਮਤੀ ਕੁਲਦੀਪ ਕੌਰ, ਨਿਗਰਾਨ | 4 ਸਾਲਾ | 13.1.2015 ਤੋਂ 790/- | 21700+5400G.P. =27100/- |

**ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਉੱਘੇ ਖਿਡਾਰੀਆਂ** (Outstanding Sports persons) **ਲਈ ਹਰੇਕ ਕੋਰਸ ਵਿਚ ਪੰਜ ਸੀਟਾਂ ਉਤਪਨ ਕਰਨ ਲਈ ਸਪੋਰਟਸ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

25. ਸਪੋਰਟਸ ਕਮੇਟੀ (ਪੁਰਸ਼ ਅਤੇ ਇਸਤਰੀਆਂ) ਦੀ ਸਾਂਝੀ ਇੱਕਤਰਤਾ ਦੀ ਮਿਤੀ 19.2.2015 ਦੀ ਸਿਫਾਰਸ਼ ਦੇ ਆਧਾਰ 'ਤੇ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਚੱਲ ਰਹੇ ਹਰੇਕ ਕੋਰਸ ਵਿਚ ਉੱਘੇ ਖਿਡਾਰੀਆਂ (Outstanding Sports persons) ਲਈ ਪੰਜ ਸੀਟਾਂ ਉਤਪਨ (Create) ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਹੇਠ ਲਿਖੇ ਅਨੁਸਾਰ performance ਹੋਵੇ:-

**<u>For Under Graduate Degree/ Course after +2</u>**

Participation in:-

1. National School Games; or
2. Inter-Kendriya Vidyalaya School/ Inter-Navodhya Sangathan School Games; or
3. Junior Nationals
4. Upto Third place in State level Championships

**<u>For any Post-Graduate degree/ diploma course after graduation</u>**

1. Upto fourth position in All India Inter-University/ Recognized Senior National/ Federation Cup Championship (Senior); or
2. Participation in Recognized Senior National/ Federation Cup Championship (Senior). Preference will be given to the position holders.

**ਸਾਬਕਾ ਸੈਨਿਕਾਂ ਦੇ 13% ਰਾਖਵਾਂਕਰਨ ਭਰਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਾਬਕਾ ਸੈਨਿਕਾਂ ਦਾ 13% ਰਾਖਵਾਂਕਰਨ ਭਰਨ ਸਬੰਧੀ ਡਾਇਰੈਕਟੋਰੇਟ ਰੱਖਿਆ ਸੇਵਾਵਾਂ ਭਲਾਈ ਵਿਭਾਗ, ਪੰਜਾਬ ਸੈਨਿਕ ਭਵਨ, ਸੈਕਟਰ 21-ਡੀ (ਮੋਨੀਟਰਿੰਗ ਸੈਲ) ਚੰਡੀਗੜ੍ਹ ਵਲੋਂ ਪ੍ਰਾਪਤ ਮੀਮੋ ਨੰ: 55/16/ਮ.ਸ.-2012/243 ਮਿਤੀ 27 ਜੂਨ, 2014 ਰਾਹੀਂ ਜਾਰੀ ਹਦਾਇਤਾਂ (**ਅੰਤਿਕਾ-I**) ਨੂੰ ਅਡਾਪਟ ਕਰਨ ਦੇ ਮੰਤਵ ਲਈ ਉਪ-ਕੁਲਪਤੀ ਜੀ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 22.1.2015 ਦੀਆਂ ਸਿਫਾਰਸ਼ਾਂ (**ਅੰਤਿਕਾ-II**) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸੈਸ਼ਨ 2015-16 ਤੋਂ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਵਿਖੇ ਨਵੇਂ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2015-16 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਵਿਖੇ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 22.1.2015 ਦੀਆਂ ਸਿਫਾਰਸ਼ਾਂ (**ਅੰਤਿਕਾ ਅਨੁਸਾਰ**) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਬੀ.ਏ. ਕੋਰਸ ਦੇ** Combination of subjects **ਵਿਚ** Hindi Patrakarita **ਨੂੰ ਸ਼ਾਮਲ ਕਰਨ ਦੀ ਪ੍ਰਵਾਨਗੀ।**

28. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ Hindi Patrakarita ਵਿਸ਼ੇ ਨੂੰ ਬੀ.ਏ. ਕੋਰਸ ਦੇ Combination of Subjects ਦੇ ਗਰੁੱਪ ਨੰ: 1, ਚੋਣਵੇਂ ਵਿਸ਼ੇ ਵਿਚੋਂ delete ਕਰਦਿਆਂ Vocational Subjects ਵਿਚ add (ਸ਼ਾਮਲ) ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

B.Com.(Hons.) **ਅਤੇ** B.A.(Hons.) (12+3 System of Education) **ਦੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

29. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਮੈਸਟਰ ਸਿਸਟਮ ਅਧੀਨ B.Com.(Hons.) ਅਤੇ B.A.(Hons.) (12+3 System of Education) ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਸ਼੍ਰੀ ਰਵੀ ਚਿਰਾਨੀਆ, ਐਡਵੋਕੇਟ, ਜੈਪੁਰ ਦੀ ਜੈਪੁਰ ਵਿਖੇ 2 ਜਨਰੇਟਰ ਸੈਟਾਂ ਦੇ ਕੇਸ ਦੀ ਪੈਰਵੀ ਹਿਤ ਐਡਵੋਕੇਟ ਵਜੋਂ ਨਿਯੁਕਤੀ ਅਤੇ ਪੇਸ਼ਗੀ ਅਦਾਇਗੀ ਦੀ ਪੁਸ਼ਟੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਵੱਲੋਂ ਖ੍ਰੀਦ ਕੀਤੇ 2 ਜਨਰੇਟਰ ਸੈਟਾਂ ਬਾਰੇ ਕੋਟਕ ਮਹਿੰਦਰਾ ਬੈਂਕ v/s ਨਿਊ ਚੌਧਰੀ ਐਂਟਰਪ੍ਰਾਈਜ਼ਿਜ਼ ਕੇਸ ਸਬੰਧੀ DRT, ਜੈਪੁਰ ਵਿਖੇ ਕੇਸ ਦੀ ਪੈਰਵੀ ਹਿਤ ਸ਼੍ਰੀ ਰਵੀ ਚਿਰਾਨੀਆ, ਐਡਵੋਕੇਟ, ਰਾਜਸਥਾਨ ਹਾਈ ਕੋਰਟ ਜੈਪੁਰ ਨੂੰ 80,000/- ਰੁਪਏ (75,000/- ਲੀਗਲ ਫੀਸ ਅਤੇ 5,000/- ਰੁਪਏ ਐਕਸਪੈਨਸਿਜ਼) 'ਤੇ ਨਿਯੁਕਤ ਕੀਤਾ ਹੈ।

(ਅ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ

ਰਾਹੀਂ ਉਨ੍ਹਾਂ ਨੇ ਸ਼੍ਰੀ ਰਵੀ ਚਿਰਾਨੀਆ, ਐਡਵੋਕੇਟ, ਜੈਪੁਰ ਨੂੰ ਉਕਤ (ੳ) ਅਧੀਨ ਕੇਸ ਦੀ ਪੈਰਵੀ ਹਿਤ 20,000/- ਰੁਪਏ ਦੀ ਪੇਸ਼ਗੀ ਅਦਾਇਗੀ ਕਰਨ ਦੀ ਆਗਿਆ ਦਿੱਤੀ ਹੈ।

**ਸਾਂਈ ਕਾਲਜ ਆਫ ਐਜੂਕੇਸ਼ਨ ਨੂੰ ਪੱਕੀ ਸਬੰਧਤਾ ਪ੍ਰਦਾਨ ਕਰਨ ਦੀ ਪ੍ਰਵਾਨਗੀ।**

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਾਂਈ ਕਾਲਜ ਆਫ ਐਜੂਕੇਸ਼ਨ, ਜਾਡਲਾ (ਨਵਾਂ ਸ਼ਹਿਰ) ਨੂੰ ਪੱਕੀ ਸਬੰਧਤਾ ਪ੍ਰਦਾਨ ਕਰਨ ਸਬੰਧੀ ਨਿਰੀਖਣ ਕਮੇਟੀ (Inspection Committee) ਦੀ ਰਿਪੋਰਟ ਮਿਤੀ 8.2.2015 **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

**ਐਚ.ਐਮ.ਵੀ., ਜਲੰਧਰ ਵਿਖੇ ਬੀ.ਐਸਸੀ.(IT) ਸਮੈਸਟਰ ਪਹਿਲਾ ਵਿਚ ਵਿਦਿਆਰਥਣ- ਹਰਪ੍ਰੀਤ ਕੌਰ ਨੂੰ ਜਾਅਲੀ DMC ਦੇ ਆਧਾਰ 'ਤੇ ਦਾਖਲਾ ਦੇਣ ਕਾਰਣ ਕਾਲਜ ਨੂੰ ਜੁਰਮਾਨਾ ਕਰਨ ਅਤੇ ਵਿਦਿਆਰਥਣ ਨੂੰ ਯੂਨੀਵਰਸਿਟੀ ਦੀ ਕੋਈ ਵੀ ਪ੍ਰੀਖਿਆ ਦੇਣ ਤੋਂ ਪੱਕੇ ਤੌਰ 'ਤੇ ਵਰਜਿਤ (debar) ਕਰਨ ਦੀ ਪ੍ਰਵਾਨਗੀ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ (ੳ) ਐਚ.ਐਮ.ਵੀ., ਜਲੰਧਰ ਵਿਖੇ ਸੈਸ਼ਨ 2014-15 ਦੌਰਾਨ ਬੀ.ਐਸਸੀ.(IT) ਸਮੈਸਟਰ ਪਹਿਲਾ ਵਿਚ ਵਿਦਿਆਰਥਣ- ਹਰਪ੍ਰੀਤ ਕੌਰ, ਰੋਲ ਨੰ: 8528 ਨੂੰ ਜਾਅਲੀ DMC ਦੇ ਆਧਾਰ 'ਤੇ ਦਾਖਲਾ ਦੇਣ ਕਾਰਣ ਉਕਤ ਕਾਲਜ ਨੂੰ 25,000/- ਰੁਪਏ ਜੁਰਮਾਨਾ ਕੀਤਾ ਜਾਂਦਾ ਹੈ।

(ਅ) ਉਕਤ 'ੳ' ਅਧੀਨ ਹਰਪ੍ਰੀਤ ਕੌਰ ਦਾ ਬੀ.ਐਸਸੀ.(IT) ਸਮੈਸਟਰ ਪਹਿਲਾ ਵਿਚ ਕੀਤਾ ਦਾਖਲਾ ਰੱਦ ਕਰਦਿਆਂ ਉਸ ਨੂੰ ਇਸ ਯੂਨੀਵਰਸਿਟੀ ਦੀ ਕੋਈ ਵੀ ਪ੍ਰੀਖਿਆ ਦੇਣ ਤੋਂ ਪੱਕੇ ਤੌਰ 'ਤੇ ਵਰਜਿਤ (debar) ਕੀਤਾ ਜਾਂਦਾ ਹੈ।

**ਰਿਜਨਲ ਕੈਂਪਸ, ਸਠਿਆਲਾ ਵਿਖੇ ਕੇਂਦਰ ਨਿਗਰਾਨ ਕਸ਼ਮੀਰ ਕੌਰ ਵੱਲੋਂ ਪ੍ਰੀਖਿਆਰਥੀ- ਜਗਰੂਪ ਸਿੰਘ ਨੂੰ ਲੜੀ ਨੰ: 421 ਦੀ ਬਜਾਏ ਲੜੀ ਨੰ: 415 ਦਾ ਪ੍ਰਸ਼ਨ ਪੱਤਰ ਦੇਣ ਕਾਰਣ ਉਸ ਨੂੰ ਯੂਨੀਵਰਸਿਟੀ ਦੇ ਕਿਸੇ ਵੀ** remunerative **ਕੰਮ ਤੋਂ** debar **ਕਰਨ, 2500/- ਰੁਪਏ ਜੁਰਮਾਨਾ ਕਰਨ ਅਤੇ ਸਬੰਧਤ ਪ੍ਰੀਖਿਆਰਥੀ ਦੀ ਪ੍ਰੀਖਿਆ ਦੁਬਾਰਾ**

33. ਵਿਚਾਰ ਉਪਰੰਤ

**ਪਾਸ ਹੋਇਆ** ਕਿ-

ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਬੀ.ਕਾਮ. (ਪ੍ਰੋਫੈਸ਼ਨਲ) ਸਮੈਸਟਰ-ਤੀਜਾ (ਦਸੰਬਰ-2014) ਦੇ ਕੰਪਾਰਟਮੈਂਟ ਵਾਲੇ ਪ੍ਰੀਖਿਆਰਥੀ- ਜਗਰੂਪ ਸਿੰਘ, ਰੋਲ ਨੰ: 10731201222 ਨੂੰ, ਮਿਤੀ 5.12.2014 ਨੂੰ ਇਮਤਿਹਾਨ ਵਾਲੇ ਦਿਨ ਕੇਂਦਰ ਨਿਗਰਾਨ ਕਸ਼ਮੀਰ ਕੌਰ ਵੱਲੋਂ Operations Research (Re-appear) Sr. No. 421 ਦਾ ਪ੍ਰਸ਼ਨ ਪੱਤਰ ਦੇਣ ਦੀ ਬਜਾਏ Indian Financial System (Sr. No. 415) ਦਾ ਪ੍ਰਸ਼ਨ ਪੱਤਰ ਦੇਣ ਲਈ ਅਣਗਹਿਲੀ ਕਰਕੇ ਕੇਂਦਰ ਨਿਗਰਾਨ ਕਸ਼ਮੀਰ ਕੌਰ ਨੂੰ ਯੂਨੀਵਰਸਿਟੀ ਦੇ ਕਿਸੇ ਵੀ remunerative work ਤੋਂ ਵਰਜ਼ਿਤ (debar) ਕੀਤਾ ਹੈ ਅਤੇ ਸਬੰਧਤ ਪ੍ਰੀਖਿਆਰਥੀ ਦੀ ਇਸ ਪਰਚੇ ਦੀ ਪ੍ਰੀਖਿਆ ਦੁਬਾਰਾ ਕਰਵਾਏ ਜਾਣ 'ਤੇ ਆਉਣ ਵਾਲੇ ਖਰਚੇ ਦੀ ਵਸੂਲੀ ਵਜੋਂ 2500/- ਰੁਪਏ ਜੁਰਮਾਨਾ ਕੀਤਾ ਹੈ।

(ਅ) ਉਕਤ (ੳ) ਅਧੀਨ ਪ੍ਰੀਖਿਆਰਥੀ- ਜਗਰੂਪ ਸਿੰਘ ਵੱਲੋਂ Indian Financial System (Sr. No. 415) ਦਾ attempt ਕੀਤਾ ਪੇਪਰ ਰੱਦ ਕਰਦਿਆਂ

**ਕਰਵਾਉਣ ਲਈ ਇਕ ਵਿਸ਼ੇਸ਼ ਮੌਕਾ ਦੇਣ ਦੀ ਆਗਿਆ ਦੀ ਪੁਸ਼ਟੀ।**

ਉਸ ਦੇ Operations Research (Re-appear) ਪੇਪਰ ਦੀ ਪ੍ਰੀਖਿਆ ਕਰਵਾਉਣ ਲਈ ਇਕ ਵਿਸ਼ੇਸ਼ ਮੌਕਾ ਦਿੱਤਾ ਹੈ।

**ਵੋਕੇਸ਼ਨਲ ਕੋਰਸਾਂ ਦੇ ਗਰੁੱਪਾਂ ਵਿਚ ਸੋਧ ਆਦਿ ਦੀ ਪ੍ਰਵਾਨਗੀ।**

34. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ:-

1. ਵੋਕੇਸ਼ਨਲ ਕੋਰਸਾਂ ਦੀ **ਅੰਤਿਕਾ** ਅਨੁਸਾਰ ਪ੍ਰਵਾਨਗੀ ਦਿੱਤੀ ਜਾਂਦੀ ਹੈ।
2. Industrial Chemistry ਅਤੇ Non-Conventional Energy Sources ਦੇ ਵਿਸ਼ੇ ਨਹੀਂ ਚੱਲ ਰਹੇ ਹਨ, ਇਸ ਲਈ ਸੈਸ਼ਨ 2015-16 ਤੋਂ ਇਹਨਾਂ ਨੂੰ Vocational Courses ਦੀ ਸੂਚੀ ਵਿੱਚੋਂ ਰੱਦ ਕੀਤਾ ਜਾਂਦਾ ਹੈ।
3. Computer Equipment Maintenance ਵਿਸ਼ੇ ਦਾ ਨਾਮ Computer Maintenance ਹੈ। ਇਸ ਲਈ Equipment ਸ਼ਬਦ ਰੱਦ ਕੀਤਾ ਜਾਂਦਾ ਹੈ।
4. Jewellary Design ਵਿਸ਼ੇ ਦਾ ਨਾਮ Gemology & Jewellery Design ਕੀਤਾ ਜਾਂਦਾ ਹੈ, ਕਿਉਂਕਿ ਸਲੇਬਸ ਵਿੱਚ ਇਸ ਵਿਸ਼ੇ ਦਾ ਨਾਮ Gemology & Jewellary Design ਹੈ।
5. Fundamentals of Industrial Microbiology ਵਿਸ਼ੇ ਦਾ ਨਾਮ Industrial Microbiology ਹੈ। ਇਸ ਲਈ "Fundamentals of" ਸ਼ਬਦ ਨੂੰ ਰੱਦ ਕੀਤਾ ਜਾਂਦਾ ਹੈ।
6. Microbiology ਵਿਸ਼ੇ ਨੂੰ Vocational Courses ਦੀ ਸੂਚੀ ਵਿਚੋਂ ਕੱਢਿਆ ਜਾਂਦਾ ਹੈ, ਕਿਉਂਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 18.5.2011 ਦੇ ਪੈਰਾ 46(viii) ਅਨੁਸਾਰ ਇਹ Elective ਵਿਸ਼ਾ ਪ੍ਰਵਾਨ ਹੋਇਆ ਹੈ।
7. Bioinformatics ਵਿਸ਼ੇ ਨੂੰ Vocational Courses ਦੀ ਸੂਚੀ ਦੇ ਗਰੁੱਪ ਨੰ: 2 ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਕਿਉਂਕਿ ਸਲੇਬਸ ਵਿੱਚ ਇਹ Vocational Course ਹੈ।

**ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ ਖੇਡਾਂ ਵਿਚ ਰੁੱਝੇ ਹੋਣ ਕਾਰਨ ਸਬੰਧਤ ਵਿਦਿਆਰਥੀਆਂ ਦੀ ਪ੍ਰੈਕਟੀਕਲ/ਥਿਊਰੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪੁਸ਼ਟੀ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ **ਅੰਤਿਕਾ** ਵਿਚ ਦਰਸਾਏ ਵਿਦਿਆਰਥੀ, ਜੋ ਦਸੰਬਰ 2014/ ਜਨਵਰੀ 2015 ਦੀਆਂ ਪ੍ਰੀਖਿਆਵਾਂ ਦੌਰਾਨ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ ਖੇਡਾਂ ਵਿਚ ਰੁੱਝੇ ਹੋਣ ਕਾਰਣ ਇਨ੍ਹਾਂ ਮਿਤੀਆਂ ਦੌਰਾਨ ਆਪਣੇ ਪ੍ਰੈਕਟੀਕਲ/ਥਿਊਰੀ ਵਿਸ਼ੇ ਦੀ ਪ੍ਰੀਖਿਆ ਨਹੀਂ ਦੇ ਸਕੇ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੀ ਪ੍ਰੈਕਟੀਕਲ/ਥਿਊਰੀ ਵਿਸ਼ੇ ਦੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਹੈ।

**ਬ੍ਰਿਜ ਕੋਰਸਾਂ ਦੇ ਅਧਿਆਦੇਸ਼ਾਂ ਦੀ ਪੁਸ਼ਟੀ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਕਾਦਮਿਕ

ਕੌਂਸਲ ਦੀ ਇੱਕਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸੈਸ਼ਨ 2014-15 ਤੋਂ ਬ੍ਰਿਜ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ ਕਮੇਟੀ ਦੀ ਇੱਕਤਰਤਾ ਮਿਤੀ 2.1.2015 ਦੀਆਂ ਸਿਫਾਰਸ਼ਾਂ (**ਅੰਤਿਕਾ ਅਨੁਸਾਰ**) ਪ੍ਰਵਾਨ ਕੀਤੀਆਂ ਹਨ।

**ਯੂਨੀਵਰਸਿਟੀ ਦੀ 41ਵੀਂ ਕਨਵੋਕੇਸ਼ਨ 'ਤੇ ਵੱਖ-ਵੱਖ ਪ੍ਰੀਖਿਆਵਾਂ ਦੇ ਯੋਗ ਉਮੀਦਵਾਰਾਂ ਨੂੰ ਡਿਗਰੀਆਂ ਪਰਦਾਨ ਕਰਨ ਦੀ ਪੁਸ਼ਟੀ।**

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ:-

(ੳ) ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ ਯੂਨੀਵਰਸਿਟੀ ਦੀ 41ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪਰਵਾਨਗੀ ਦਿੱਤੀ ਹੈ :-

| | |
|---|---|
| 1. ਪੀਐਚ.ਡੀ. | ਸਾਰੇ ਉਮੀਦਵਾਰ |
| 2. ਐਮ. ਫਿਲ. | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਵੱਖ-ਵੱਖ ਫੈਕਲਟੀਆਂ ਦੇ ਪੀਐਚ.ਡੀ., ਐਮ.ਫਿ਼ਲ. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 41ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| | |
|---|---|
| 1. ਪੀਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. ਐਮ.ਫਿ਼ਲ. | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |

**ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2014-15 ਲਈ ਸਥਾਪਿਤ ਕੀਤੇ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸਾਂ ਦੀ ਪ੍ਰਵਾਨਗੀ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2014-15 ਲਈ ਸਥਾਪਿਤ ਕੀਤੇ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸ (**ਅੰਤਿਕਾ ਅਨੁਸਾਰ**) ਪ੍ਰਵਾਨ ਕੀਤੇ ਜਾਂਦੇ ਹਨ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ।**

39. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ | ਜਿਸ ਮਿਤੀ ਤੋਂ ਇਨਕਰੀਮੈਂਟ ਦੇਣੀ ਹੈ/ ਇਨਕਰੀਮੈਂਟ ਦੀ ਰਕਮ(ਰੁ:) | ਬਣਦੀ ਬੇਸਿਕ ਤਨਖਾਹ(ਰੁ:) |
|---|---|---|---|---|
| 1. | ਸ਼੍ਰੀ ਲਖਬੀਰ ਸਿੰਘ, ਨਿਗਰਾਨ | 4 ਸਾਲਾ | 1.3.2015 ਤੋਂ 820/- | 22500+5400G.P. = 27900/- |
| 2. | ਸ਼੍ਰੀ ਸ਼ਾਮ ਮੋਹਨ, ਨਿਗਰਾਨ | 4 ਸਾਲਾ | 1.3.2015 ਤੋਂ 870/- | 24320+5400G.P. =29720/- |
| | | | 4.3.2015 ਤੋਂ 900/- | 25220+5400G.P. =30620/- |

**ਮਨੋਵਿਗਿਆਨ ਵਿਭਾਗ ਵਿਖੇ ਜੂਨੀਅਰ ਟੈਕਨੀਸ਼ੀਅਨ ਦੀ ਅਸਾਮੀ ਲਈ ਯੋਗਤਾਵਾਂ ਵਿਚ ਸੋਧ ਦੀ ਪ੍ਰਵਾਨਗੀ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਨੋਵਿਗਿਆਨ ਵਿਭਾਗ ਵਿਖੇ ਜੂਨੀਅਰ ਟੈਕਨੀਸ਼ੀਅਨ ਦੀ ਅਸਾਮੀ ਲਈ ਯੋਗਤਾਵਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| **Present Qualifications** | **Proposed Qualifications** |
|---|---|
| 1. B.Sc.<br>OR<br>Three Years diploma in the relevant subject from a recognized institution. | 1. B.A. with subject of Psychology (at least 2nd Division).<br>OR<br>Masters in Psychology with 2nd Division. |
| 2. Punjabi upto Matric Standard is essential. | 2. Punjabi upto Matric Standard is essential. |

Master of Neurological Physiotherapy **ਅਤੇ** Master in Sports Psychology (CBCEGS) **ਦੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

41. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡੀਨ ਫੈਕਲਟੀ ਅਤੇ ਚੇਅਰਮੈਨ ਬੋਰਡ ਆਫ ਸਟੱਡੀਜ਼ ਦੀ ਸਿਫਾਰਸ਼ ਅਨੁਸਾਰ ਸੈਸ਼ਨ 2014-15 ਤੋਂ Master of Neurological Physiotherapy ਅਤੇ Master in Sports Psychology (CBCEGS) ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ ਅਤੇ ਕੰਪਿਊਟਰ ਸਾਇੰਸ ਵਿਭਾਗਾਂ ਵਿਚ ਅਧਿਆਪਕਾਂ ਦੀ ਵੰਡ ਦੀ ਪ੍ਰਵਾਨਗੀ।**

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.4.2015 ਤੋਂ ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ ਅਤੇ ਕੰਪਿਊਟਰ ਸਾਇੰਸ ਵਿਭਾਗਾਂ ਵਿਚ ਅਧਿਆਪਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

**ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ ਵਿਭਾਗ**

1. ਡਾ. ਸੰਦੀਪ ਸ਼ਰਮਾ
2. ਸ਼੍ਰੀ ਅਮਿਤ ਛਾਬੜਾ
3. ਸ਼੍ਰੀ ਅਨਿਲ ਕੁਮਾਰ
4. ਮਿਸਿਜ਼ ਪ੍ਰਭਪ੍ਰੀਤ ਕੌਰ
5. ਮਿਸਿਜ਼ ਕਮਲਜੀਤ ਕੌਰ
6. ਮਿਸਿਜ਼ ਕਿਰਨਬੀਰ ਕੌਰ

**ਕੰਪਿਊਟਰ ਸਾਇੰਸ ਵਿਭਾਗ**

1. ਡਾ. ਹਰਦੀਪ ਸਿੰਘ
2. ਡਾ. ਕੇ.ਐਸ. ਕਾਹਲੋਂ
3. ਡਾ. ਗੁਰਵਿੰਦਰ ਸਿੰਘ
4. ਡਾ. ਰਜਿੰਦਰ ਸਿੰਘ
5. ਸ਼੍ਰੀ ਜਸਵਿੰਦਰ ਸਿੰਘ
6. ਡਾ. ਪਰਮਿੰਦਰ ਕੌਰ
7. ਮਿਸਿਜ਼ ਕੁਲਜੀਤ ਕੌਰ
8. ਸ਼੍ਰੀ ਸੰਦੀਪ ਸਿੰਘ ਵੜੈਚ

**ਗੁਰੂ ਨਾਨਕ ਸਟੱਡੀਜ਼ ਸੈਂਟਰ ਨੂੰ ਬੰਦ ਕਰਨ ਦੀ ਪ੍ਰਵਾਨਗੀ।**

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਸਟੱਡੀਜ਼ ਸੈਂਟਰ ਨੂੰ ਪਿਛਲੇ ਚਾਰ ਸਾਲ ਤੋਂ ਗ੍ਰਾਂਟ ਪ੍ਰਾਪਤ ਨਾ ਹੋਣ ਅਤੇ ਕ੍ਰਿਆਸ਼ੀਲ ਨਾ ਹੋਣ ਕਾਰਣ ਇਸ ਸੈਂਟਰ ਨੂੰ ਬੰਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਵਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਧਿਆਦੇਸ਼ 3.1, ਪੰਨਾ 82, ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਅਨੁਸਾਰ ਮਿਤੀ 1.4.2015 ਤੋਂ 31.3.2016 ਤੱਕ, ਇਕ ਸਾਲ ਲਈ ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਵਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਵਾਲੀ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

45. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ ਕਿ:-

1) ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ ਦੀਆਂ ਮਿਤੀ 15.10.2014 ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ :-
   (ੳ) ਬੀ.ਕੈਮ. (B.CAM) ਕੋਰਸ ਨੂੰ discontinue ਕੀਤਾ ਜਾਵੇ ਕਿਉਂਜੋ ਪਿਛਲੇ ਤਿੰਨ ਸਾਲ ਤੋਂ ਇਸ ਕੋਰਸ ਵਿਚ ਕਿਸੇ ਵੀ ਵਿਦਿਆਰਥੀ ਨੇ ਦਾਖਲਾ ਨਹੀਂ ਲਿਆ।
   (ਅ) ਸੈਲਫ ਫਾਈਨਾਂਸ ਅਧੀਨ ਬੀ.ਟੈਕ. (ਕੰਪਿਊਟਰ ਇੰਜੀਨੀਅਰਿੰਗ) (CBCEGS) ਅਤੇ ਬੀ.ਟੈਕ. (ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਸਿਸਟਮ ਇੰਜੀਨੀਅਰਿੰਗ) (CBCEGS) ਕੋਰਸ ਸਮੈਸਟਰ-I-II ਨੂੰ kept in abeyance ਰੱਖਿਆ ਜਾਵੇ।

(ਪੈਰਾ E (I)(22) ਅਤੇ E(II) (11))

2) ਲਾਈਫ ਸਾਇੰਸਜ਼ ਫੈਕਲਟੀ ਦੀ ਇਕੱਤਰਤਾ ਮਿਤੀ 13.11.2014 ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ ਹੇਠ ਲਿਖੇ ਕੋਰਸਾਂ ਨੂੰ Kept in abeyance ਰੱਖਿਆ ਜਾਵੇ:-
   (ੳ) M.Sc. (Hons. School) Botany) Semester I-IV
   (ਅ) M.Phil. Botany Semster I-II
   (ੲ) M.Phil. Environmental Sciences Semster I-II

(ਪੈਰਾ G(IV)(3))

3) ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਫੈਕਲਟੀ ਦੀ ਇਕੱਤਰਤਾ ਮਿਤੀ 5.9.2014 ਦੀਆਂ ਸਿਫਾਰਸ਼ਾਂ ਅਨੁਸਾਰ ਸੈਸ਼ਨ 2015-16 ਤੋਂ ਹੇਠ ਲਿਖੇ ਕੋਰਸਾਂ ਨੂੰ kept in abeyance ਰੱਖਿਆ ਜਾਵੇ:-
   (i) Master of Neurological Physiotherapy Semester-I-II
   (ii) M.D. (Sports Medicine) Annual System Part-I
   (iii) Masters in Exercise Physiology & Nutrition Semester-I,II

(ਪੈਰਾ N(2), (3) ਅਤੇ (7))

4) ਲਾਅਜ਼ ਫੈਕਲਟੀ ਦੀ ਇੱਕਤਰਤਾ ਮਿਤੀ 26.11.2014 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ B.Com., LL.B. (FYIC) (New Course) ਸਮੈਸਟਰ-I,II ਦੀ ਹੇਠ ਲਿਖੀ ਯੋਗਤਾ ਸ਼ਰਤ ਪ੍ਰਵਾਨ ਕੀਤੀ ਜਾਵੇ:-
   10+2 with (Math or Economics) minimum of 45% marks in case of general category and 40% marks of SC Category.

(ਪੈਰਾ L(4))

5) Innocent Hearts College of Education, Jalandhar ਵਿਖੇ ਸੈਸ਼ਨ 2014-15 ਤੋਂ PGDCA (Teacher Education) ਕੋਰਸ discontinue ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਪੈਰਾ R)

6) ਹੇਠ ਲਿਖੇ ਕਾਲਜਾਂ ਦੇ ਮਿਆਦੀ ਨਿਰੀਖਣ (Periodical Inspection) ਕਮੇਟੀ ਦੀਆਂ ਰਿਪੋਰਟਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਣ:-
   1. S.R. Govt. College for Women, Amritsar.
   2. Govt. College, Ajnala (Amritsar)

3. Guru Nanak College for Women, Charan Kanwal Banga.
4. Hindu Kanya Mahavidyalaya, Dhariwal (Gurdaspur)
5. Kanya Maha Vidyalya, Jalandhar.
6. DAV College, Jalandhar.
7. Govt. Arts & Sports College, Jalandhar.
8. MGSM Janta College, Kartarpur (Jalandhar)
9. KRM DAV College, Nakodar (Jalandhar)
10. Sant Hira Dass Kanya Maha Vidyalaya, Kala Sanghian (Kapurthala)
11. Nawab Jassa Singh Ahluwalia Govt. College, Kapurthala.
12. Kamla Nehru College for Women, Phagwara.
13. RR Bawa DAV College for Girls, Batala (Gurdaspur)
14. Smt. Rama Chopra S.D. Kanya Maha Vidyalaya, Pathankot.
15. SGAD Govt. College, Tarn Taran.
16. Mata Ganga Girls College, Tarn Taran.
17. St. Soldier College (Co-Educational), Hadiabad, Phagwara.
18. Sant Baba Dalip Singh Memorial Khalsa College, Domeli (Kapurthala)

(ਪੈਰਾ O)

7) ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨੀ ਜਿਸ ਰਾਹੀਂ ਉਨ੍ਹਾਂ ਨੇ:-

(i) ਸੈਸਨ 2014-15 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ ਨਵੇਂ ਵਿਸ਼ੇ/ ਕਲਾਸਾਂ/ ਕੋਰਸਾਂ ਦੀ ਆਰਜ਼ੀ ਸਬੰਧਤਾ ਦਿੱਤੀ ਹੈ।

**ਅੰਤਿਕਾ P(i)**

(ii) ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ ਯੂ.ਜੀ.ਸੀ. ਦੀ ਬੀ.ਵੋਕੇਸ਼ਨਲ ਡਿਗਰੀ ਪ੍ਰੋਗਰਾਮ ਸਕੀਮ ਅਧੀਨ ਨਵੇਂ ਬੀ. ਵੋਕੇਸ਼ਨਲ ਕੋਰਸਾਂ ਦੀ ਆਰਜ਼ੀ ਸਬੰਧਤਾ ਦਿੱਤੀ ਹੈ।

**ਅੰਤਿਕਾ P(ii)**

(iii) ਯੂਨੀਵਰਸਿਟੀ ਵੱਲੋਂ ਸੈਸ਼ਨ 2014-15 ਤੋਂ ਨਵੇਂ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜ਼ੀ ਸਬੰਧਤਾ ਦਿੱਤੀ ਹੈ।

**ਅੰਤਿਕਾ P(iii)** ਅਨੁਸਾਰ

(ਪੈਰਾ P)

8) ਅਕਾਦਮਿਕ ਕੌਂਸਲ ਵੱਲੋਂ ਸੈਸ਼ਨ 2015-16 ਤੋਂ B.Com. Professional Course ਨੂੰ ਬੰਦ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ। ਵੱਖ-ਵੱਖ ਮੈਂਬਰਾਂ ਦਾ ਵਿਚਾਰ ਸੀ ਕਿ ਇਸ ਕੋਰਸ ਦਾ Nomenclature UGC ਨਾਲ ਮੇਲ ਨਹੀਂ ਖਾਂਦਾ।

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੀਆਂ ਉਕਤ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਡਾ. ਏ.ਕੇ. ਠੁਕਰਾਲ, ਪ੍ਰੋਫੈਸਰ(ਰਿਟਾ.) ਦੀ ਮੁੜ ਨਿਯੁਕਤੀ ਦੀ ਮਿਆਦ ਵਿਚ ਵਾਧੇ ਸਬੰਧੀ ਕੰਮ ਦੀ ਅਸੈਸਮੈਂਟ ਰਿਪੋਰਟ ਲੈਣ ਹਿਤ ਵਿਸ਼ਾ ਵਿਸ਼ੇਸ਼ਗ** (Subject Expert) **ਨਾਮਜ਼ਦ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

46. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਕਰਨੀ ਕਿ ਡਾ. ਏ.ਕੇ. ਠੁਕਰਾਲ, ਪ੍ਰੋਫੈਸਰ(ਰਿਟਾ.), ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ, ਜਿਨ੍ਹਾਂ ਦੀ ਮੁੜ ਨਿਯੁਕਤੀ ਦੀ ਦੋ ਸਾਲ ਦੀ ਮਿਆਦ ਮਿਤੀ 30.6.2015 ਨੂੰ ਪੂਰੀ ਹੋਣ ਵਾਲੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਤੇ ਸਟੈਚਿਊਟ 94(iii)(b)(2) ਅਧੀਨ ਹੋਰ ਵਾਧਾ ਕਰਨ ‘ਤੇ ਵਿਚਾਰ ਹੋਈ।

ਹੇਠ ਲਿਖੇ ਨੋਟ ‘ਤੇ ਵੀ ਵਿਚਾਰ ਹੋਈ:-

**ਨੋਟ:** ਸਟੈਚਿਊਟ 94(iii)(b)(2) ਹੇਠ ਲਿਖੇ ਅਨੁਸਾਰ ਹੈ:-

> “In very exceptional cases the re-appointment on contract basis may be extended further for a period not exceeding two years but it shall not go beyond the age of 65 years in any case. Such an extension of the contract period shall be allowed only after getting an assessment report of the teacher’s work during the last three years from three subject experts to be nominated by the Syndicate on a reference by the Vice-Chancellor.”

